# ਖੇਤੀਬਾੜੀ ਵਿਚ ਬੰਦ ਥਾਂਵਾਂ ਦਾ ਪ੍ਰਬੰਧ

## ਵਰਕਰਾਂ ਲਈ ਗਾਈਡ



FARSHA

WORKSAFEBC

## ਵਰਕਸੇਫ ਬੀ ਸੀ ਬਾਰੇ

ਵਰਕਸੇਫ ਬੀ ਸੀ (ਵਰਕਰਜ਼' ਕੰਪਨਸੇਸ਼ਨ ਬੋਰਡ) ਇਕ ਆਜ਼ਾਦ ਸੂਬਾਈ ਕਾਨੂੰਨੀ ਏਜੰਸੀ ਹੈ ਜਿਹੜੀ ਡਾਇਰੈਕਟਰਾਂ ਦੇ ਬੋਰਡ ਵਲੋਂ ਚਲਾਈ ਜਾਂਦੀ ਹੈ। ਸਾਨੂੰ ਫੰਡ ਰਜਿਸਟਰਸ਼ੁਦਾ ਇਮਪਲੌਏਅਰਾਂ (ਕੰਮ-ਮਾਲਕਾਂ) ਵਲੋਂ ਦਿੱਤੇ ਜਾਂਦੇ ਇਨਸ਼ੋਰੈਂਸ ਪ੍ਰੀਮੀਅਮਾਂ ਅਤੇ ਇਨਵੈਸਟਮੈਂਟ ਦੀਆਂ ਰੀਟਰਨਾਂ ਤੋਂ ਮਿਲਦੇ ਹਨ। *ਵਰਕਰਜ਼ ਕੰਪਨਸੇਸ਼ਨ ਐਕਟ* ਨੂੰ ਲਾਗੂ ਕਰਨ ਵੇਲੇ ਵਰਕਸੇਫ ਬੀ ਸੀ ਸਰਕਾਰ ਤੋਂ ਅਲੱਗ ਅਤੇ ਸੁਤੰਤਰ ਰਹਿੰਦਾ ਹੈ; ਪਰ ਅਸੀਂ ਵਰਕਰਰਜ਼ ਕੰਪਨਸੇਸ਼ਨ ਸਿਸਟਮ (ਵਰਕਰਾਂ ਨੂੰ ਮੁਆਵਜ਼ੇ ਦੇ ਸਿਸਟਮ) ਦੀ ਸਮੁੱਚੀ ਭਲਾਈ ਦੀ ਰੱਖਿਆ ਕਰਨ ਅਤੇ ਇਸ ਨੂੰ ਕਾਇਮ ਰੱਖਣ ਦੇ ਆਪਣੇ ਰੋਲ ਲਈ ਸਰਕਾਰ ਰਾਹੀਂ ਜਨਤਾ ਨੂੰ ਜਵਾਬਦੇਹ ਹਾਂ।

ਵਰਕਸੇਫ ਬੀ ਸੀ ਦਾ ਜਨਮ 1917 ਵਿਚ ਬੀ.ਸੀ. ਦੇ ਵਰਕਰਾਂ ਅਤੇ ਕੰਮ-ਮਾਲਕਾਂ ਵਿਚਕਾਰ ਇਕ ਸਮਝੌਤੇ ਨਾਲ ਹੋਇਆ ਸੀ ਜਿਸ ਵਿਚ ਵਰਕਰਾਂ ਨੇ ਕੰਮ-ਮਾਲਕਾਂ ਵਲੋਂ ਪੂਰੀ ਤਰ੍ਹਾਂ ਭੁਗਤਾਨ ਕੀਤੇ ਜਾਣ ਵਾਲੇ ਨੋ-ਫਾਲਟ ਇਨਸ਼ੋਰੈਂਸ ਪ੍ਰੋਗਰਾਮ ਦੇ ਬਦਲੇ ਵਿਚ, ਕੰਮ 'ਤੇ ਲੱਗੀਆਂ ਸੱਟਾਂ ਲਈ ਆਪਣੇ ਕੰਮ-ਮਾਲਕਾਂ ਜਾਂ ਸਾਥੀ ਵਰਕਰਾਂ 'ਤੇ ਮੁਕੱਦਮਾ ਕਰਨ ਦਾ ਹੱਕ ਛੱਡ ਦਿੱਤਾ ਸੀ। ਅਸੀਂ ਕੰਮ ਦੇ ਸੁਰੱਖਿਅਤ ਅਤੇ ਸਿਹਤਮੰਦ ਮਾਹੌਲ ਲਈ ਵਚਨਬੱਧ ਹਾਂ ਅਤੇ ਆਪਣੇ ਕੰਮ ਦੇ ਨਤੀਜੇ ਵਜੋਂ ਜ਼ਖਮੀ ਹੋਏ ਵਰਕਰਾਂ ਨੂੰ ਕੰਮ 'ਤੇ ਵਾਪਸ ਜਾਣ ਵਿਚ ਰੀਹੈਬਲੀਟੇਸ਼ਨ ਪ੍ਰਦਾਨ ਕਰਨ ਅਤੇ ਕਾਨੂੰਨ ਮੁਤਾਬਕ ਮੁਆਵਜ਼ੇ ਦੇ ਬੈਨੇਫਿਟ ਪ੍ਰਦਾਨ ਲਈ ਵੀ ਵਚਨਬੱਧ ਹਾਂ।

## ਵਰਕਸੇਫ ਬੀ ਸੀ ਪ੍ਰੀਵੈਨਸ਼ਨ ਇਨਫਰਮੇਸ਼ਨ ਲਾਈਨ

ਵਰਕਸੇਫ ਬੀ ਸੀ ਪ੍ਰੀਵੈਨਸ਼ਨ ਇਨਫਰਮੇਸ਼ਨ ਲਾਈਨ (ਰੋਕਥਾਮ ਕਰਨ ਲਈ ਜਾਣਕਾਰੀ ਲਾਈਨ) ਕੰਮ 'ਤੇ ਸਿਹਤ ਅਤੇ ਸੇਫਟੀ, ਵਰਕਰ ਅਤੇ ਕੰਮ-ਮਾਲਕਾਂ ਦੀਆਂ ਜ਼ਿੰਮੇਵਾਰੀਆਂ, ਅਤੇ ਕੰਮ ਵਾਲੀ ਥਾਂ ਦੀ ਕਿਸੇ ਘਟਨਾ ਦੀ ਰਿਪੋਰਟ ਕਰਨ ਬਾਰੇ ਤੁਹਾਡੇ ਸਵਾਲਾਂ ਦੇ ਜਵਾਬ ਦੇ ਸਕਦੀ ਹੈ। ਪ੍ਰੀਵੈਨਸ਼ਨ ਇਨਫਰਮੇਸ਼ਨ ਲਾਈਨ ਗੁਪਤ ਫੋਨ ਵੀ ਸੁਣਦੀ ਹੈ।

ਲੋਅਰ ਮੇਨਲੈਂਡ ਵਿਚ 604.276.3100 'ਤੇ ਫੋਨ ਕਰੋ ਜਾਂ ਕੈਨੇਡਾ ਵਿਚ ਮੁਫਤ 1.888.621.7233 (621.SAFE) 'ਤੇ ਫੋਨ ਕਰੋ।

ਦਫਤਰ ਬੰਦ ਹੋਣ ਤੋਂ ਬਾਅਦ ਅਤੇ ਵੀਕ-ਇੰਡ ਦੀਆਂ ਘਟਨਾਵਾਂ ਅਤੇ ਐਮਰਜੰਸੀਆਂ ਲਈ ਲੋਅਰ ਮੇਨਲੈਂਡ ਵਿਚ 604.273.7711 'ਤੇ ਫੋਨ ਕਰੋ ਜਾਂ ਬ੍ਰਿਟਿਸ਼ ਕੋਲੰਬੀਆ ਵਿਚ ਮੁਫਤ 1.866.922.4357 (WCB.HELP) 'ਤੇ ਫੋਨ ਕਰੋ।

## ਵਰਕਸੇਫ ਬੀ ਸੀ ਦੀਆਂ ਲਿਖਤਾਂ

ਬਹੁਤ ਸਾਰੀਆਂ ਲਿਖਤਾਂ ਵਰਕਸੇਫ ਬੀ ਸੀ ਦੇ ਵੈੱਬਸਾਈਟ 'ਤੇ ਉਪਲਬਧ ਹਨ। ਆਕੂਪੇਸ਼ਨਲ ਹੈਲਥ ਐਂਡ ਸੇਫਟੀ ਰੈਗੂਲੇਸ਼ਨ ਅਤੇ ਇਸ ਨਾਲ ਸੰਬੰਧਿਤ ਨੀਤੀਆਂ ਅਤੇ ਗਾਈਡਲਾਈਨਾਂ, ਅਤੇ *ਵਰਕਰਜ਼ ਕੰਪਨਸੇਸ਼ਨ ਐਕਟ* ਦੇ ਹਿੱਸੇ ਅਤੇ ਇਸ ਦਾ ਸਾਰ ਵੀ worksafebc.com 'ਤੇ ਉਪਲਬਧ ਹੈ।

ਕੁਝ ਲਿਖਤਾਂ ਪ੍ਰਿੰਟ ਵਿਚ ਖਰੀਦਣ ਲਈ ਵੀ ਉਪਲਬਧ ਹਨ:

| | |
|---|---|
| ਫੋਨ: | 604.232.9704 |
| ਦੂਰੋਂ ਮੁਫਤ ਫੋਨ: | 1.866.319.9704 |
| ਫੈਕਸ: | 604.232.9703 |
| ਦੂਰੋਂ ਮੁਫਤ ਫੈਕਸ: | 1.888.232.9714 |
| ਔਨਲਾਈਨ ਆਰਡਰ ਕਰਨਾ: | worksafebc.com 'ਤੇ ਜਾਉ ਅਤੇ ਪਬਲੀਕੇਸ਼ਨਜ਼ 'ਤੇ ਕਲਿੱਕ ਕਰੋ; ਆਰਡਰ ਕਰਨ ਲਈ ਲਿੰਕ ਫੌਲੋ ਕਰੋ |

ISBN 978-0-7726-6772-4

©2014 ਵਰਕਰਜ਼' ਕੰਪਨਸੇਸ਼ਨ ਬੋਰਡ ਔਫ ਬ੍ਰਿਟਿਸ਼ ਕੋਲੰਬੀਆ। ਸਾਰੇ ਹੱਕ ਰਾਖਵੇਂ ਹਨ। ਵਰਕਰਜ਼' ਕੰਪਨਸੇਸ਼ਨ ਬੋਰਡ ਔਫ ਬੀ.ਸੀ. ਕੰਮ ਵਾਲੀਆਂ ਥਾਂਵਾਂ 'ਤੇ ਸਿਹਤ ਅਤੇ ਸੇਫਟੀ ਨੂੰ ਉਤਸ਼ਾਹ ਦੇਣ ਲਈ ਇਸ ਲਿਖਤ ਦੀ ਕਾਪੀ ਕਰਨ, ਦੁਬਾਰਾ ਛਾਪਣ ਅਤੇ ਵੰਡਣ ਲਈ ਉਤਸ਼ਾਹ ਦਿੰਦਾ ਹੈ ਪਰ ਵਰਕਰਜ਼' ਕੰਪਨਸੇਸ਼ਨ ਬੋਰਡ ਔਫ ਬੀ.ਸੀ. ਦਾ ਹਵਾਲਾ ਦਿੱਤਾ ਜਾਣਾ ਜ਼ਰੂਰੀ ਹੈ। ਪਰ, ਇਸ ਲਿਖਤ ਦਾ ਕੋਈ ਵੀ ਹਿੱਸਾ ਮੁਨਾਫੇ ਜਾਂ ਹੋਰ ਕਮਰਸ਼ੀਅਲ ਮੰਤਵਾਂ ਲਈ ਕਾਪੀ ਨਹੀਂ ਕੀਤਾ ਜਾ ਸਕਦਾ, ਦੁਬਾਰਾ ਛਾਪਿਆ ਨਹੀਂ ਜਾ ਸਕਦਾ ਜਾਂ ਵੰਡਿਆ ਨਹੀਂ ਜਾ ਸਕਦਾ, ਅਤੇ ਨਾ ਹੀ ਵਰਕਰਜ਼' ਕੰਪਨਸੇਸ਼ਨ ਬੋਰਡ ਔਫ ਬੀ.ਸੀ. ਤੋਂ ਲਿਖਤੀ ਆਗਿਆ ਲਏ ਬਿਨਾਂ ਕਿਸੇ ਹੋਰ ਲਿਖਤ ਵਿਚ ਪਾਇਆ ਜਾ ਸਕਦਾ ਹੈ।

# ਖੇਤੀਬਾੜੀ ਵਿਚ ਬੰਦ ਥਾਂਵਾਂ

## ਵਰਕਰਾਂ ਲਈ ਗਾਈਡ

FARSHA

WORK SAFE BC

# ਵਿਸ਼ਾ-ਵਸਤੂ


**ਜਾਣ-ਪਛਾਣ: ਬੰਦ ਥਾਂਵਾਂ ਇਕ ਫਿਕਰ ਕਿਉਂ ਹਨ ........ 1**

**ਕਦਮ 1: ਬੰਦ ਥਾਂਵਾਂ ਦੀ ਪਛਾਣ ਕਰੋ ........ 4**

ਬੰਦ ਥਾਂਵਾਂ ਦੀਆਂ ਉਦਾਹਰਣਾਂ ........ 4

**ਕਦਮ 2: ਖ਼ਤਰਿਆਂ ਨੂੰ ਜਾਣੋ ........ 5**

ਆਕਸੀਜਨ – ਬਹੁਤ ਘੱਟ ਜਾਂ ਬਹੁਤ ਜ਼ਿਆਦਾ ........ 5

ਜ਼ਹਿਰੀਲੀਆਂ ਗੈਸਾਂ ........ 5

ਧਮਾਕਾ-ਖੇਜ਼ ਵਾਤਾਵਰਣ ........ 6

ਬਾਇਓਲੋਜੀਕਲ ਖ਼ਤਰੇ ........ 6

ਫਸਣਾ ਅਤੇ ਲਪੇਟ ਵਿਚ ਆਉਣਾ ........ 6

ਸਾਜ਼-ਸਾਮਾਨ ਅਤੇ ਮਸ਼ੀਨਰੀ ਦੇ ਚੱਲ ਰਹੇ ਹਿੱਸੇ ........ 6

ਬਿਜਲੀ ਦਾ ਝਟਕਾ ........ 6

ਪਾਈਪਾਂ ਵਿਚ ਦੀ ਜਾ ਰਹੀਆਂ ਚੀਜ਼ਾਂ ........ 7

ਤਾਪਮਾਨ ਦੀ ਅੱਤ ........ 7

ਰੌਲਾ ........ 7

ਡੁੱਬਣਾ ........ 7

**ਕਦਮ 3: ਇਹ ਜਾਣੋ ਕਿ ਬੰਦ ਥਾਂਵਾਂ ਬਾਰੇ ਕੀ ਕਰਨਾ ਹੈ ........ 8**

ਪਰ੍ਹਾਂ ਰਹੋ! ........ 8

ਵਾਰਨਿੰਗ ਦੇਣ ਵਾਲੇ ਸਾਈਨ ਦੇਖੋ ਅਤੇ ਵਾੜ ਵਾਲੀਆਂ ਥਾਂਵਾਂ ਤੋਂ ਦੂਰ ਰਹੋ ........ 8

ਬਿਨਾਂ ਸਹੀ ਟਰੇਨਿੰਗ ਅਤੇ ਸਾਜ਼-ਸਾਮਾਨ ਦੇ ਦੂਜਿਆਂ ਦਾ ਬਚਾ ਨਾ ਕਰੋ ........ 8

ਕਿਸੇ ਬੰਦ ਥਾਂ ਵਿਚ ਦਾਖਲ ਹੋਣਾ ਕਦੋਂ ਸੁਰੱਖਿਅਤ ਹੈ? ........ 9

# ਜਾਣ-ਪਛਾਣ: ਬੰਦ ਥਾਂਵਾਂ ਇਕ ਫਿਕਰ ਕਿਉਂ ਹਨ

**ਵਰਕਰ ਦੀ ਸੇਫਟੀ ਲਈ ਤਿੰਨ ਕਦਮ**

1. ਬੰਦ ਥਾਂਵਾਂ ਦੀ ਪਛਾਣ ਕਰੋ
2. ਖ਼ਤਰਿਆਂ ਨੂੰ ਜਾਣੋ
3. ਇਹ ਜਾਣੋ ਕਿ ਬੰਦ ਥਾਂਵਾਂ ਬਾਰੇ ਕੀ ਕਰਨਾ ਹੈ

ਇਸ ਗਾਈਡ ਵਿਚ, ਤੁਸੀਂ ਬੰਦ ਥਾਂਵਾਂ ਦੀਆਂ ਕਿਸਮਾਂ ਬਾਰੇ ਜਾਣੋਗੇ ਜਿਹੜੀਆਂ ਉਨ੍ਹਾਂ ਫਾਰਮਾਂ ’ਤੇ ਹੋ ਸਕਦੀਆਂ ਹਨ ਜਿੱਥੇ ਤੁਸੀਂ ਕੰਮ ਕਰਦੇ ਹੋ। ਅੱਗੇ ਲਿਖੇ ਸਫਿਆਂ ਵਿਚ, ਤੁਸੀਂ ਇਨ੍ਹਾਂ ਚੀਜ਼ਾਂ ਬਾਰੇ ਪੜ੍ਹੋਗੇ:

- ਕਿਸੇ ਬੰਦ ਥਾਂ ਦੀ ਪਛਾਣ ਕਿਵੇਂ ਕਰਨੀ ਹੈ
- ਬੰਦ ਥਾਂਵਾਂ ਦੇ ਸੰਭਾਵੀ ਖ਼ਤਰੇ
- ਇਨ੍ਹਾਂ ਥਾਂਵਾਂ ਵਿਚ ਜਾਂ ਇਨ੍ਹਾਂ ਦੇ ਨੇੜੇ ਕੰਮ ਕਰਨ ਵੇਲੇ ਸੁਰੱਖਿਅਤ ਕਿਵੇਂ ਰਹਿਣਾ ਹੈ

ਫਾਰਮਾਂ ਵਿਚ, ਟੈਂਕਾਂ, ਅਨਾਜ ਸੰਭਾਲ ਕੇ ਰੱਖਣ ਵਾਲੇ ਟੋਏ (ਸਾਈਲੋ) ਅਤੇ ਸਟੋਰ ਕਰਨ ਵਾਲੇ ਢੋਲ ਜ਼ਹਿਰੀਲੀਆਂ ਗੈਸਾਂ ਦੇ ਸੰਪਰਕ ਵਿਚ ਆਉਣ ’ਤੇ ਕਿਸੇ ਲਈ ਵੀ ਖ਼ਤਰਨਾਕ ਹੋ ਸਕਦੇ ਹਨ ਅਤੇ ਇਨ੍ਹਾਂ ਥਾਂਵਾਂ ਦੇ ਹੋਰ ਖ਼ਤਰੇ ਵੀ ਹੋ ਸਕਦੇ ਹਨ। ਬਹੁਤ ਸਾਰੇ ਵਰਕਰਾਂ ਨੇ ਆਪਣੀਆਂ ਜਾਨਾਂ ਗਵਾਈਆਂ ਹਨ ਕਿਉਂਕਿ ਉਨ੍ਹਾਂ ਨੂੰ ਇਹ ਨਹੀਂ ਪਤਾ ਸੀ ਕਿ ਬੰਦ ਥਾਂ ਖ਼ਤਰਨਾਕ ਸੀ, ਇਸ ਕਰਕੇ ਉਨ੍ਹਾਂ ਨੇ ਇਨ੍ਹਾਂ ਵਿਚ ਦਾਖਲ ਹੋਣ ਵੇਲੇ ਸੇਫਟੀ ਦੇ ਸਹੀ ਕਦਮ ਨਹੀਂ ਚੁੱਕੇ।

ਇਸ ਕਰਕੇ ਤੁਹਾਨੂੰ ਆਪਣੇ ਕੰਮ ਵਾਲੀ ਥਾਂ ’ਤੇ ਬੰਦ ਥਾਂਵਾਂ ਬਾਰੇ ਜਾਣਨ ਦੀ ਲੋੜ ਹੈ। ਇਹ ਵੀ ਜ਼ਰੂਰੀ ਹੈ ਕਿ ਜੇ ਤੁਹਾਨੂੰ ਆਗਿਆ ਅਤੇ ਸਹੀ ਟਰੇਨਿੰਗ ਨਾ ਹੋਵੇ ਤਾਂ ਕਦੇ ਵੀ ਕਿਸੇ ਬੰਦ ਥਾਂ ਵਿਚ ਦਾਖਲ ਨਾ ਹੋਵੋ। ਤੁਹਾਡੇ ਲਈ ਇਹ ਪੱਕਾ ਕਰਨਾ ਵੀ ਜ਼ਰੂਰੀ ਹੈ ਕਿ ਸੇਫਟੀ ਦੇ ਸਾਰੇ ਲੋੜੀਂਦੇ ਕਦਮ ਪਹਿਲਾਂ ਚੁੱਕੇ ਗਏ ਹਨ।


ਸਟੋਰ ਕਰਨ ਲਈ ਢੋਲ


ਦੁੱਧ ਦਾ ਟੈਂਕ

ਇਸ ਇੰਡਸਟਰੀ ਵਿਚ ਪਹਿਲਾਂ ਹੋਏ ਹਾਦਸੇ ਇਸ ਗੱਲ ਨੂੰ ਦੁਖਦਾਈ ਰੂਪ ਵਿਚ ਚੇਤੇ ਕਰਵਾਉਂਦੇ ਹਨ ਕਿ ਤੁਹਾਨੂੰ ਸੰਭਾਵੀ ਖ਼ਤਰਿਆਂ ਅਤੇ ਬੰਦ ਥਾਂਵਾਂ ਲਈ ਕੰਮ ਕਰਨ ਦੇ ਸੁਰੱਖਿਅਤ ਤਰੀਕਿਆਂ ਦਾ ਸਹੀ ਗਿਆਨ ਕਿਉਂ ਹੋਣਾ ਚਾਹੀਦਾ ਹੈ। ਹੇਠਾਂ ਤੁਸੀਂ ਕੁਝ ਸੋਗ-ਭਰੇ ਹਾਦਸਿਆਂ ਬਾਰੇ ਪੜ੍ਹੋਗੇ ਜਿਹੜੇ ਉਦੋਂ ਵਾਪਰੇ ਜਦੋਂ ਵਰਕਰਾਂ ਨੂੰ ਬੰਦ ਥਾਂਵਾਂ ਦੇ ਖ਼ਤਰਿਆਂ ਬਾਰੇ ਨਹੀਂ ਪਤਾ ਸੀ ਅਤੇ ਸੇਫਟੀ ਦੇ ਸਹੀ ਤਰੀਕੇ ਮੌਜੂਦ ਨਹੀਂ ਸਨ। ਇਨ੍ਹਾਂ ਘਟਨਾਵਾਂ ਤੋਂ ਸਿੱਖ ਕੇ, ਤੁਸੀਂ ਬੰਦ ਥਾਂਵਾਂ ਦੀ ਬਿਹਤਰ ਪਛਾਣ ਕਰ ਸਕਦੇ ਹੋ ਅਤੇ ਇਹ ਜਾਣ ਸਕਦੇ ਹੋ ਕਿ ਖ਼ਤਰੇ ਕਿੱਥੇ ਹੋ ਸਕਦੇ ਹਨ ਤਾਂ ਜੋ ਤੁਸੀਂ ਅਤੇ ਤੁਹਾਡੇ ਸਾਥੀ ਵਰਕਰ ਕੰਮ ’ਤੇ ਸੁਰੱਖਿਅਤ ਰਹੋ।



ਬਰਾਉਨ ਵਾਟਰ ਟੈਂਕੀ

## ਖੁੰਭਾਂ ਦੇ ਫਾਰਮ ਵਿਚ ਵਾਪਰੀ ਘਟਨਾ ਤਿੰਨ ਵਰਕਰਾਂ ਦੀ ਮੌਤ ਦਾ ਕਾਰਨ ਬਣੀ

ਸਤੰਬਰ 2008 ਵਿਚ, ਲੈਂਗਲੀ ਵਿਚਲੇ ਇਕ ਖੁੰਭਾਂ ਦੇ ਫਾਰਮ (ਮਸ਼ਰੂਮ ਫਾਰਮ) ਦੀ ਪੰਪ ਸ਼ੈੱਡ ਵਿਚ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਹੋਰ ਦੋ ਸਦਾ ਲਈ ਜ਼ਖਮੀ ਹੋ ਗਏ। ਤਿੰਨ ਵਿਅਕਤੀ ਸ਼ੈੱਡ ਵਿਚ ਬੰਦ ਹੋਏ ਇਕ ਇਨਟੇਕ ਪਾਈਪ ਨੂੰ ਸਾਫ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਜਦੋਂ ਪਾਈਪ ਲੱਥਿਆ ਤਾਂ ਇਕ ਵਰਕਰ ਨੇ ਅਜੀਬ ਮੁਸ਼ਕ ਦੀ ਸ਼ਿਕਾਇਤ ਕੀਤੀ ਅਤੇ ਫਿਰ ਢੇਰੀ ਹੋ ਗਿਆ। ਇਕ ਹੋਰ ਵਰਕਰ ਸ਼ੈੱਡ ਵਿਚ ਬੇਹੋਸ਼ ਹੋਏ ਵਰਕਰ ਨਾਲ ਰਿਹਾ ਜਦ ਕਿ ਸੁਪਰਵਾਈਜ਼ਰ ਮਦਦ ਲਈ ਗਿਆ। ਐਮਰਜੰਸੀ ਸੇਵਾਵਾਂ ਦੇ ਪਹੁੰਚਣ ਤੋਂ ਪਹਿਲਾਂ ਕਈ ਹੋਰ ਵਰਕਰ ਮਦਦ ਕਰਨ ਲਈ ਸ਼ੈੱਡ ਵਿਚ ਵੜ ਗਏ।

ਜਦੋਂ ਐਂਬੂਲੈਂਸ ਅਤੇ ਅੱਗ ਬੁਝਾਉ ਅਮਲਾ ਉੱਥੇ ਪਹੁੰਚਿਆ ਤਾਂ ਉਨ੍ਹਾਂ ਨੂੰ ਸੁਪਰਵਾਈਜ਼ਰ ਪੰਪ ਸ਼ੈੱਡ ਦੇ ਬਾਹਰ ਲੱਭਾ ਜੋ ਕਿ ਬੌਂਦਲਿਆ ਹੋਇਆ ਅਤੇ ਸਾਹ ਦੀ ਤਕਲੀਫ ਵਿਚ ਸੀ। ਪੰਜ ਹੋਰ ਵਰਕਰ ਸ਼ੈੱਡ ਦੇ ਅੰਦਰੋਂ ਕੱਢੇ ਗਏ। ਜ਼ਹਿਰੀਲੇ ਮਾਹੌਲ ਦੇ ਸੰਪਰਕ ਵਿਚ ਆਉਣ ਨਾਲ ਤਿੰਨ ਵਰਕਰਾਂ ਦੀ ਮੌਤ ਹੋ ਗਈ ਅਤੇ ਦੋ ਨੂੰ ਗੰਭੀਰ ਅਤੇ ਪੱਕੇ ਤੌਰ 'ਤੇ ਰਹਿਣ ਵਾਲਾ ਦਿਮਾਗੀ ਨੁਕਸਾਨ ਹੋ ਗਿਆ।

ਕੀ ਗਲਤ ਹੋ ਗਿਆ? ਖੁੰਭਾਂ ਦੇ ਫਾਰਮ ਵਿਚ ਕੋਈ ਹੈਲਥ ਐਂਡ ਸੇਫਟੀ ਪ੍ਰੋਗਰਾਮ ਜਾਂ ਬੰਦ ਥਾਂਵਾਂ ਲਈ ਪ੍ਰੋਗਰਾਮ ਨਹੀਂ ਸੀ। ਵਰਕਰ, ਬਿਨਾਂ ਕਿਸੇ ਟਰੇਨਿੰਗ ਜਾਂ ਸੇਫਟੀ ਦੇ ਸਾਜ਼-ਸਾਮਾਨ ਦੇ ਆਪਣੇ ਸਾਥੀ ਵਰਕਰਾਂ ਨੂੰ ਬਚਾਉਣ ਲਈ ਅੰਦਰ ਵੜ ਗਏ। ਪੰਪ ਸ਼ੈੱਡ ਦੀ ਪਛਾਣ ਵੀ ਬੰਦ ਥਾਂ ਵਜੋਂ ਨਹੀਂ ਕੀਤੀ ਗਈ ਸੀ, ਇਸ ਕਰਕੇ ਵਰਕਰ ਇਹ ਨਾ ਸਮਝ ਸਕੇ ਕਿ ਇਸ ਵਿਚ ਖ਼ਤਰਨਾਕ ਮਾਹੌਲ ਹੋ ਸਕਦਾ ਹੈ।



ਪੰਪ ਸ਼ੈੱਡ

## ਵਾਈਨਰੀ ਦੀ ਘਟਨਾ ਵਿਚ ਦੋ ਵਰਕਰਾਂ ਦੀ ਮੌਤ

ਨਵੰਬਰ 2002 ਵਿਚ, ਵਾਈਨ ਬਣਾਉਣ ਵਾਲੇ ਓਕਨਆਗਨ ਦੇ ਦੋ ਵਿਅਕਤੀ ਆਕਸੀਜਨ ਦੇ ਘੱਟ ਪੱਧਰਾਂ ਵਾਲੇ ਵਾਈਨ ਫਰਮਿਨਟੇਸ਼ਨ ਟੈਂਕ ਵਿਚ ਮਰ ਗਏ। ਇਕ ਵਰਕਰ, ਜੋ ਕਿ ਟੈਂਕ ਦੇ ਦਰਵਾਜ਼ੇ ਉੱਪਰ ਪੌੜੀ 'ਤੇ ਖੜ੍ਹਾ ਸੀ, ਢੱਕਣ ਖੋਲ੍ਹਣ ਵੇਲੇ ਸ਼ਾਇਦ ਕਾਰਬਨ ਡਾਈਓਕਸਾਈਡ ਗੈਸ (ਉਬਾਲ ਕਾਰਨ ਪੈਦਾ ਹੋਈ) ਦੀ ਜ਼ਿਆਦਾ ਮਾਤਰਾ ਸਾਹ ਰਾਹੀਂ ਅੰਦਰ ਲੈ ਗਿਆ। ਫਿਰ ਉਹ ਬੇਹੋਸ਼ ਹੋ ਗਿਆ ਅਤੇ ਟੈਂਕ ਵਿਚਲੇ ਠੰਢੇ-ਸੀਤ ਤਰਲ ਵਿਚ ਡਿਗ ਪਿਆ। ਇਕ ਸਾਥੀ ਵਰਕਰ ਨੇ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਦਰਵਾਜ਼ੇ ਵਿਚ ਦੀ ਅੰਦਰ ਝੁਕਣ ਤੋਂ ਬਾਅਦ ਉਸ ਦੀ ਵੀ ਮੌਤ ਹੋ ਗਈ। ਨੇੜੇ ਕੰਮ ਕਰਦੇ ਦੋ ਵਿਅਕਤੀਆਂ ਨੂੰ ਦੂਜੇ ਦੀ ਇਹ ਗੱਲ ਸੁਣੀ ਕਿ ਉਸ ਨੂੰ ਸਾਹ ਨਹੀਂ ਆ ਰਿਹਾ। ਐਮਰਜੰਸੀ ਵਿਚ ਬਚਾਉਣ ਵਾਲਿਆਂ ਨੇ ਟੈਂਕ ਵਿੱਚੋਂ ਤਰਲ ਕੱਢਣ ਅਤੇ ਟੈਂਕ ਨੂੰ ਕੱਟਣ ਦੀ ਕੋਸ਼ਿਸ਼ ਕੀਤੀ ਪਰ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ।



ਰੂੜੀ ਬਣਾਉਣ ਵਾਲਾ ਟੋਭਾ

### ਅਮਰੀਕਾ ਵਿਚ ਡੇਅਰੀ ਫਾਰਮ ਵਿਚ ਵਾਪਰੀ ਤਰਾਸਦੀ ਨੇ ਪੰਜ ਵਿਅਕਤੀਆਂ ਦੀ ਜਾਨ ਲਈ

2007 ਵਿਚ, ਇਕ ਡੇਅਰੀ ਫਾਰਮ ਦੇ ਰੂੜੀ ਦੇ ਟੋਏ ਵਿਚ ਹਾਈਡਰੋਜਨ ਸਲਫਾਈਡ ਗੈਸ ਦੇ ਸੰਪਰਕ ਵਿਚ ਆਉਣ ਨਾਲ ਪਰਿਵਾਰ ਦੇ ਚਾਰ ਮੈਂਬਰਾਂ ਅਤੇ ਇਕ ਵਰਕਰ ਦੀ ਮੌਤ ਹੋ ਗਈ। ਇਕ ਡੇਅਰੀ ਫਾਰਮਰ, ਤਰਲੀ ਗੋਬਰ, ਇਕ ਛੋਟੇ ਟੋਏ ਤੋਂ ਵੱਡੇ ਟੋਏ ਵਿਚ ਤਬਦੀਲ ਕਰ ਰਿਹਾ ਸੀ ਜਦੋਂ ਤਬਦੀਲ ਕਰਨ ਵਾਲਾ ਪਾਈਪ ਬੰਦ ਹੋ ਗਿਆ। ਬੰਦ ਹੋਏ ਪਾਈਪ ਨੂੰ ਸਾਫ ਕਰਨ ਲਈ ਛੋਟੇ ਟੋਏ ਵਿਚ ਦਾਖਲ ਹੋਣ ਤੋਂ ਬਾਅਦ, ਟੋਏ ਵਿਚਲੀ ਹਾਈਡਰੋਜਨ ਸਲਫਾਈਡ ਗੈਸ ਦੇ ਸੰਪਰਕ ਵਿਚ ਆਉਣ ਨਾਲ ਉਹ ਢੇਰੀ ਹੋ ਗਿਆ। ਫਿਰ ਇਕ ਹੋਰ ਵਰਕਰ ਫਾਰਮਰ ਦੀ ਮਦਦ ਲਈ ਟੋਏ ਵਿਚ ਵੜ ਗਿਆ ਪਰ ਉਹ ਵੀ ਮਾਰੂ ਗੈਸ ਦੀ ਲਪੇਟ ਵਿਚ ਆ ਗਿਆ। ਫਿਰ ਫਾਰਮਰ ਦੀ ਪਤਨੀ ਅਤੇ ਦੋ ਧੀਆਂ ਵੀ ਟੋਏ ਵਿਚ ਵੜ ਗਈਆਂ ਅਤੇ ਗੈਸ ਨੇ ਉਨ੍ਹਾਂ ’ਤੇ ਵੀ ਗਲਬਾ ਪਾ ਲਿਆ। ਉੱਥੇ ਪਹੁੰਚਣ ਵਾਲਾ ਬਚਾਉ ਅਮਲਾ ਪੀੜਤਾਂ ਨੂੰ ਬਚਾਉਣ ਵਿਚ ਅਸਮਰਥ ਰਿਹਾ।

# ਕਦਮ 1: ਬੰਦ ਥਾਂਵਾਂ ਦੀ ਪਛਾਣ ਕਰੋ



ਟੈਂਕਰ ਟਰੱਕ

ਕੋਈ ਬੰਦ ਥਾਂ (ਕੌਨਫਾਈਨਡ ਸਪੇਸ) ਕੋਈ ਪੂਰੀ ਤਰ੍ਹਾਂ ਬੰਦ ਜਾਂ ਥੋੜ੍ਹਾ ਬੰਦ ਏਰੀਆ ਹੁੰਦਾ ਹੈ ਜਿਹੜਾ ਇੰਨਾ ਕੁ ਵੱਡਾ ਹੁੰਦਾ ਹੈ ਕਿ ਇਸ ਵਿਚ ਕੋਈ ਵਰਕਰ ਦਾਖਲ ਹੋ ਸਕਦਾ ਹੈ। ਥਾਂ ਸਾਰੇ ਪਾਸਿਆਂ ਤੋਂ ਬੰਦ ਹੋ ਸਕਦੀ ਹੈ (ਉਦਾਹਰਣ ਲਈ, ਕੋਈ ਢੋਲ ਜਾਂ ਟੈਂਕ), ਜਾਂ ਦੋ ਪਾਸਿਆਂ ਤੋਂ ਬੰਦ ਹੋ ਸਕਦੀ ਹੈ (ਉਦਾਹਰਣ ਲਈ, ਕੋਈ ਬੰਦ ਕਨਵੇਅਰ)।

ਤੁਸੀਂ ਬੰਦ ਥਾਂ ਦੀ ਪਛਾਣ ਕਰ ਸਕਦੇ ਹੋ ਕਿਉਂਕਿ ਇਸ ਵਿਚ ਉਹ ਚੀਜ਼ਾਂ ਨਹੀਂ ਹੋਣਗੀਆਂ ਜਿਹੜੀਆਂ ਤੁਸੀਂ ਆਮ ਤੌਰ 'ਤੇ ਕਿਸੇ ਕੰਮ ਵਾਲੀ ਥਾਂ 'ਤੇ ਦੇਖਦੇ ਹੋ, ਜਿਵੇਂ ਕਿ:

- ਪੱਕੀਆਂ ਲੱਗੀਆਂ ਹੋਈਆਂ ਚੀਜ਼ਾਂ (ਜਿਵੇਂ ਹਵਾਦਾਰੀ ਲਈ ਸਿਸਟਮ, ਲਾਈਟਾਂ, ਅਤੇ ਪਲੰਬਿੰਗ ਦੀਆਂ ਸੇਵਾਵਾਂ)
- ਕੰਧਾਂ 'ਤੇ ਪਰਦੇ ਅਤੇ ਫਰਨੀਚਰ
- ਸੌਖੀ ਪਹੁੰਚ (ਜਿਵੇਂ ਵੱਡੇ ਦਰਵਾਜ਼ੇ ਅਤੇ ਭੀੜੀਆਂ ਪੌੜੀਆਂ)



ਗਰਾਊਂਡ ਤੋਂ ਉੱਪਰ ਬੰਕਰ

ਬੰਦ ਥਾਂਵਾਂ ਕਿਸੇ ਦੇ ਨੇਮ ਨਾਲ ਕੰਮ ਕਰਨ ਲਈ ਨਹੀਂ ਬਣਾਈਆਂ ਗਈਆਂ ਹੁੰਦੀਆਂ। ਇਹ ਉਹ ਥਾਂਵਾਂ ਹਨ ਜਿਨ੍ਹਾਂ ਵਿਚ ਸਮੇਂ ਸਮੇਂ ਇੰਸਪੈਕਸ਼ਨ, ਸਫਾਈ, ਸੰਭਾਲ ਜਾਂ ਰਿਪੇਅਰ ਲਈ ਵੜਨ ਦੀ ਲੋੜ ਪੈ ਸਕਦੀ ਹੈ।

## ਬੰਦ ਥਾਂਵਾਂ ਦੀਆਂ ਉਦਾਹਰਣਾਂ

- ਅਨਾਜ ਸੰਭਾਲ ਕੇ ਰੱਖਣ ਵਾਲੇ ਢੋਲ (ਸਾਈਲੋ)
- ਢੋਲ (ਬਿਨਜ਼)
- ਬੰਕਰ
- ਰੂੜੀ ਸਾਂਭਣ ਵਾਲੇ ਟੈਂਕ, ਟੋਏ ਅਤੇ ਪਿੱਟਾਂ
- ਪਾਣੀ ਦੇ ਕੁੰਡ ਅਤੇ ਟੈਂਕ
- ਖੂਹ (ਸਾਫ ਪਾਣੀ)
- ਪੰਪ ਜਾਂ ਲਿਫਟ ਸਟੇਸ਼ਨ
- ਵਾਲਵ ਬੌਕਸ (ਧਰਤੀ ਤੋਂ ਹੇਠਾਂ)
- ਸੰਪ
- ਦੁੱਧ ਦੇ ਟੈਂਕ
- ਚਲਦਾ ਫਿਰਦਾ ਸਾਜ਼-ਸਾਮਾਨ
- ਕਨਵੇਅਰ
- ਕਰਾਲ ਸੇਪਸਿਜ਼ ਜਾਂ ਸੈੱਲਰ



ਸਟੋਰ ਕਰਨ ਲਈ ਢੋਲ

# ਕਦਮ 2: ਖ਼ਤਰਿਆਂ ਨੂੰ ਜਾਣੋ



ਰੂੜੀ ਦਾ ਟੋਭਾ

ਬਹੁਤ ਸਾਰੇ ਵੱਖ ਵੱਖ ਖ਼ਤਰੇ ਹਨ ਜਿਹੜੇ ਕਿ ਕਿਸੇ ਬੰਦ ਥਾਂ ਵਿਚ ਹੋ ਸਕਦੇ ਹਨ। ਜ਼ਹਿਰੀਲੀਆਂ ਗੈਸਾਂ ਹੋ ਸਕਦੀਆਂ ਹਨ, ਆਕਸੀਜਨ ਘੱਟ ਹੋ ਸਕਦੀ ਹੈ, ਜਾਂ ਮੂਵ ਹੁੰਦੇ ਪਾਰਟ (ਹਿਲਜੁਲ ਕਰਦੇ ਹਿੱਸੇ) ਜਾਂ ਸਾਜ਼-ਸਾਮਾਨ ਹੋ ਸਕਦੇ ਹਨ ਜਿਹੜੇ ਤੁਹਾਨੂੰ ਜਾਂ ਤੁਹਾਡੇ ਸਾਥੀ ਵਰਕਰਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਖ਼ਤਰੇ ਦਿਖਾਈ ਦਿੰਦੇ ਨਹੀਂ ਹੋ ਸਕਦੇ ਹਨ, ਇਸ ਕਰਕੇ ਕਿਸੇ ਯੋਗਤਾ ਪ੍ਰਾਪਤ ਵਿਅਕਤੀ ਨੂੰ – ਕੋਈ ਅਜਿਹਾ ਵਿਅਕਤੀ ਜਿਸ ਨੂੰ ਸਹੀ ਟਰੇਨਿੰਗ ਅਤੇ ਤਜਰਬਾ ਹੋਵੇ – ਫਾਰਮ ਦੀ ਹਰ ਉਸ ਬੰਦ ਥਾਂ ਵੱਲ, ਸੰਭਵ ਖ਼ਤਰਿਆਂ ਦੀ ਪਛਾਣ ਕਰਨ ਲਈ ਬਹੁਤ ਹੀ ਧਿਆਨ ਨਾਲ ਦੇਖਣਾ ਚਾਹੀਦਾ ਹੈ ਜਿੱਥੇ ਤੁਸੀਂ ਕੰਮ ਕਰਦੇ ਹੋ।

ਉਹ ਕਿਹੜੇ ਕੁਝ ਆਮ ਖ਼ਤਰੇ ਹਨ ਜਿਹੜੇ ਕਿਸੇ ਬੰਦ ਥਾਂ ਵਿਚ ਹੋ ਸਕਦੇ ਹਨ?

## ਆਕਸੀਜਨ – ਬਹੁਤ ਘੱਟ ਜਾਂ ਬਹੁਤ ਜ਼ਿਆਦਾ



ਧਰਤੀ ਤੋਂ ਉਪਰ ਰੂੜੀ ਦਾ ਟੈਂਕ

ਆਕਸੀਜਨ ਦੀ ਘਾਟ, ਬੰਦ ਥਾਂਵਾਂ ਵਿਚ ਵਰਕਰਾਂ ਦੀਆਂ ਮੌਤਾਂ ਦਾ ਇਕ ਮੁੱਖ ਕਾਰਨ ਹੈ। ਤੁਸੀਂ ਦੇਖ ਕੇ ਜਾਂ ਮੁਸ਼ਕ ਲੈ ਕੇ ਆਕਸੀਜਨ ਦੇ ਘੱਟ ਪੱਧਰਾਂ ਦਾ ਪਤਾ ਨਹੀਂ ਲਾ ਸਕਦੇ, ਪਰ ਇਹ ਘੱਟ ਪੱਧਰ ਦਿਮਾਗ ਦਾ ਨੁਕਸਾਨ ਕਰ ਸਕਦੇ ਹਨ ਅਤੇ ਕੁਝ ਮਿੰਟਾਂ ਬਾਅਦ ਹੀ ਤੁਹਾਡੇ ਦਿਲ ਨੂੰ ਬੰਦ ਕਰ ਸਕਦੇ ਹਨ। ਕਿਸੇ ਬੰਦ ਥਾਂ ਵਿਚ, ਜ਼ੰਗਾਲ ਲੱਗੇ ਲੋਹੇ ਵਰਗੀ ਕੋਈ ਆਮ ਚੀਜ਼ ਵੀ ਆਕਸੀਜਨ ਦੇ ਪੱਧਰ ਘਟਾ ਸਕਦੀ ਹੈ।

ਕਿਸੇ ਬੰਦ ਥਾਂ ਵਿਚ ਬਹੁਤ ਜ਼ਿਆਦਾ ਆਕਸੀਜਨ ਦਾ ਹੋਣਾ ਵੀ ਖ਼ਤਰਨਾਕ ਹੈ ਕਿਉਂਕਿ ਇਹ ਅੱਗ ਲੱਗਣ ਜਾਂ ਧਮਾਕਾ ਹੋਣ ਦਾ ਖਤਰਾ ਵਧਾਉਂਦੀ ਹੈ। ਜਿਹੜੀਆਂ ਚੀਜ਼ਾਂ ਨੂੰ ਆਮ ਹਵਾ ਵਿਚ ਅੱਗ ਨਹੀਂ ਲੱਗੇਗੀ ਉਹ ਆਕਸੀਜਨ ਦੇ ਜ਼ਿਆਦਾ ਪੱਧਰ ਵਾਲੀ ਥਾਂ ਵਿਚ ਤੇਜ਼ੀ ਅਤੇ ਸੌਖ ਨਾਲ ਅੱਗ ਫੜ ਸਕਦੀਆਂ ਹਨ।

## ਜ਼ਹਿਰੀਲੀਆਂ ਗੈਸਾਂ



ਰੂੜੀ ਬਣਾਉਣ ਲਈ ਬੰਕਰ

ਕਿਸੇ ਬੰਦ ਥਾਂ ਵਿਚ ਤਰਲ ਜਾਂ ਠੋਸ ਚੀਜ਼ਾਂ ਵਲੋਂ ਜ਼ਹਿਰੀਲੀਆਂ ਗੈਸਾਂ ਪੈਦਾ ਕੀਤੀਆਂ ਜਾ ਸਕਦੀਆਂ ਹਨ, ਜਿਵੇਂ ਕਿ ਤਰਲ ਗੋਬਰ ਜਾਂ ਰੂੜੀ ਵਲੋਂ। ਉਹ ਕੀਤੇ ਜਾ ਰਹੇ ਕੰਮ ਕਾਰਨ ਵੀ ਪੈਦਾ ਹੋ ਸਕਦੀਆਂ ਹਨ ਜਿਵੇਂ ਕਿ ਰੰਗ ਕਰਨਾ ਜਾਂ ਵੈਲਡਿੰਗ ਕਰਨਾ। ਜ਼ਿਆਦਾ ਵੱਡੇ ਪੱਧਰਾਂ 'ਤੇ, ਕੁਝ ਗੈਸਾਂ ਨਾਲ ਥੋੜ੍ਹਾ ਸਮਾਂ ਸੰਪਰਕ ਵਿਚ ਆਉਣ ਨਾਲ ਵੀ ਸਿਹਤ 'ਤੇ ਪੱਕੇ ਅਸਰ ਪੈ ਸਕਦੇ ਹਨ ਜਿਵੇਂ ਕਿ ਦਿਮਾਗ, ਦਿਲ ਜਾਂ ਫੇਫੜਿਆਂ ਦਾ ਨੁਕਸਾਨ ਹੋ ਸਕਦਾ ਹੈ।

ਜੇ ਤੁਸੀਂ ਕਿਸੇ ਬੰਦ ਥਾਂ ਵਿਚ ਜ਼ਹਿਰੀਲੀਆਂ ਗੈਸਾਂ ਦੇ ਸੰਪਰਕ ਵਿਚ ਆਉਂਦੇ ਹੋ ਤਾਂ ਤੁਹਾਨੂੰ ਚੱਕਰ ਆ ਸਕਦੇ ਹਨ ਜਾਂ ਤੁਸੀਂ ਬੇਹੋਸ਼ ਹੋ ਸਕਦੇ ਹੋ ਅਤੇ ਥਾਂ ਤੋਂ ਬਾਹਰ ਆਉਣ ਤੋਂ ਅਯੋਗ ਹੋ ਸਕਦੇ ਹੋ। ਇਹ ਤੇਜ਼ੀ ਨਾਲ ਵਾਪਰ ਸਕਦਾ ਹੈ, ਜਿਸ ਕਰਕੇ ਹੀ ਉਨ੍ਹਾਂ ਜ਼ਹਿਰੀਲੀਆਂ ਗੈਸਾਂ ਬਾਰੇ ਜਾਣਨਾ ਜ਼ਰੂਰੀ ਹੈ ਜਿਹੜੀਆਂ ਕਿਸੇ ਬੰਦ ਥਾਂ ਵਿਚ ਹੋ ਸਕਦੀਆਂ ਹਨ।



ਫੀਡ ਮਿਕਸਰ

## ਧਮਾਕਾ-ਖੇਜ਼ ਵਾਤਾਵਰਣ

ਬੰਦ ਥਾਂਵਾਂ ਵਿਚਲੀਆਂ ਗੈਸਾਂ ਜਾਂ ਹਵਾੜ ਚੁਆਤੀ ਲਾ ਸਕਦੀਆਂ ਹਨ ਜਿਸ ਨਾਲ ਅੱਗ ਲੱਗ ਸਕਦੀ ਹੈ ਜਾਂ ਧਮਾਕੇ ਹੋ ਸਕਦੇ ਹਨ। ਤੇਲ ਵਾਲੇ ਕਨਟੇਨਰਾਂ ਨੂੰ ਬੰਦ ਥਾਂਵਾਂ ਤੋਂ ਦੂਰ ਰੱਖੋ। ਅਨਾਜ ਅਤੇ ਲੱਕੜੀ ਦਾ ਘੱਟਾ ਵੀ ਫਟ ਸਕਦਾ ਹੈ ਜੇ ਹਵਾ ਵਿਚ ਕਾਫੀ ਘੱਟਾ ਹੋਵੇ।

## ਬਾਇਓਲੋਜੀਕਲ ਖ਼ਤਰੇ

ਗਲ ਸੜ ਰਹੀ ਸਾਮੱਗਰੀ ਅਤੇ ਰੂੜੀ ਹਵਾ ਵਿਚ ਬੈਕਟੀਰੀਆ, ਉੱਲੀ ਦੇ ਜੀਵਾਣੂ, ਐਲਰਜੀ ਕਰਨ ਵਾਲੇ ਤੱਤ, ਅਤੇ ਹੋਰ ਬਾਇਓਲੋਜੀਕਲ ਸਾਮੱਗਰੀ ਛੱਡ ਸਕਦੇ ਹਨ। ਜੇ ਤੁਸੀਂ ਇਨ੍ਹਾਂ ਸਾਮੱਗਰੀਆਂ ਦੇ ਹਲਕੇ ਪੱਧਰਾਂ ਦੇ ਸੰਪਰਕ ਵਿਚ ਆਉਂਦੇ ਹੋ ਤਾਂ ਤੁਹਾਨੂੰ ਸਿਹਤ 'ਤੇ ਹਲਕੇ ਅਸਰ ਦੀਆਂ ਨਿਸ਼ਾਨੀਆਂ ਦਿਖਾਈ ਦੇ ਸਕਦੀਆਂ ਹਨ, ਜਿਵੇਂ ਕਿ ਖੰਘ ਆਉਣਾ, ਅੱਖਾਂ ਵਿਚ ਖਾਜ ਹੋਣਾ, ਨੱਕ ਬੰਦ ਹੋਣਾ, ਛਿੱਕਾਂ ਆਉਣੀਆਂ, ਜਾਂ ਗਲਾ ਦੁਖਣਾ। ਜੇ ਕਿਸੇ ਨੂੰ ਦਮਾ ਹੋਵੇ ਜਾਂ ਕਿਸੇ ਦਾ ਇਮਿਊਨ ਸਿਸਟਮ (ਬੀਮਾਰੀਆਂ ਦਾ ਮੁਕਾਬਲਾ ਕਰਨ ਦਾ ਸਿਸਟਮ) ਕਮਜ਼ੋਰ ਹੋਵੇ ਤਾਂ ਸਿਹਤ 'ਤੇ ਅਸਰ ਜ਼ਿਆਦਾ ਗੰਭੀਰ ਹੋ ਸਕਦੇ ਹਨ।



ਟਨਲ ਵਿਚ ਕਨਵੇਅਰ

## ਫਸਣਾ ਅਤੇ ਲਪੇਟ ਵਿਚ ਆਉਣਾ

ਸਾਂਭਿਆ ਜਾ ਰਿਹਾ ਅਨਾਜ ਜਾਂ ਰੂੜੀ ਵੀ ਤੁਹਾਡੇ ਜਾਂ ਤੁਹਾਡੇ ਸਾਥੀ ਵਰਕਰਾਂ ਲਈ ਖ਼ਤਰਾ ਹੋ ਸਕਦੇ ਹਨ ਕਿਉਂਕਿ ਤੁਸੀਂ ਇਸ ਵਿਚ ਫਸ ਸਕਦੇ ਹੋ ਜਾਂ ਇਸ ਥੱਲੇ ਦੱਬ ਹੋ ਸਕਦੇ ਹੋ। ਅਨਾਜ ਜਾਂ ਰੂੜੀ, ਖਾਸ ਕਰਕੇ ਜੇ ਇਹ ਗਿੱਲੇ ਹੋਣ, ਆਪਣੇ ਥੱਲੇ ਖਾਲੀ ਥਾਂਵਾਂ ਨਾਲ "ਪੁਲ" ਜਾਂ ਆਪਣੇ ਉੱਪਰ "ਕੰਧਾਂ" ਬਣਾ ਸਕਦੇ ਹਨ। ਜੇ ਤੁਸੀਂ ਇਨ੍ਹਾਂ ਪੁਲਾਂ ਉੱਪਰ ਜਾਂ ਕੰਧ ਥੱਲੇ ਤੁਰਦੇ ਹੋ ਤਾਂ ਇਹ ਢਹਿ ਸਕਦੇ ਹਨ ਅਤੇ ਤੁਸੀਂ ਥੱਲੇ ਦੱਬ ਹੋ ਸਕਦੇ ਹੋ।

ਢੋਲ (ਬਿਨਜ਼) ਅਤੇ ਦਾਣੇ ਪਾਉਣ ਵਾਲੇ ਟਾਪੇ (ਹੌਪਰ) ਖਾਸ ਤੌਰ 'ਤੇ ਖ਼ਤਰਨਾਕ ਹਨ। ਜੇ ਸਾਮੱਗਰੀ ਅਚਾਨਕ ਖਾਲੀ ਢੋਲ ਜਾਂ ਹੌਪਰ ਵਿਚ ਚਲੀ ਜਾਵੇ ਤਾਂ ਤੁਸੀਂ ਵਿਚ ਫਸ ਸਕਦੇ ਹੋ ਜਾਂ ਪੀੜੇ ਜਾ ਸਕਦੇ ਹੋ।

## ਸਾਜ਼-ਸਾਮਾਨ ਅਤੇ ਮਸ਼ੀਨਰੀ ਦੇ ਚੱਲ ਰਹੇ ਹਿੱਸੇ

ਮਕੈਨੀਕਲ ਸਾਜ਼-ਸਾਮਾਨ ਜਿਵੇਂ ਕਿ ਵਰਮਿਆਂ, ਮਿਕਸਰਾਂ ਜਾਂ ਘੁੰਮ ਰਹੇ ਟੈਂਕਾਂ ਦੁਆਲੇ ਕੰਮ ਕਰਨਾ ਖ਼ਤਰਨਾਕ ਹੋ ਸਕਦਾ ਹੈ। ਭਾਵੇਂ ਸਾਜ਼-ਸਾਮਾਨ ਬੰਦ ਹੀ ਹੋਵੇ, ਕੋਈ ਇਸ ਨੂੰ ਅਚਾਨਕ ਚਲਾ ਸਕਦਾ ਹੈ। ਮਸ਼ੀਨ ਵਿਚ ਬਚਦੀ ਐਨਰਜੀ (ਤਾਕਤ) ਵੀ ਹੋ ਸਕਦੀ ਹੈ ਜਿਵੇਂ ਕਿ ਜਮ੍ਹਾਂ ਹੋਇਆ ਪਰੈਸ਼ਰ। ਜਿਸ ਸਾਜ਼-ਸਾਮਾਨ ਨੂੰ ਜਿੰਦਾ ਨਹੀਂ ਲੱਗਾ ਹੋਇਆ ਅਤੇ ਜਿਸ ਦੀ ਐਨਰਜੀ ਕੱਢੀ ਨਹੀਂ ਹੋਈ ਵੀ ਅਚਾਨਕ ਮੂਵ ਹੋ ਸਕਦਾ ਹੈ, ਖਾਸ ਕਰਕੇ ਜੇ ਇਸ ਦਾ ਸਹੀ ਤਰ੍ਹਾਂ ਸੰਤੁਲਨ ਨਹੀਂ ਕੀਤਾ ਗਿਆ।



ਗਰੀਨਹਾਊਸ ਵਿਚ ਬੁਆਇਲਰ

## ਬਿਜਲੀ ਦਾ ਝਟਕਾ

ਬਿਜਲੀ ਦਾ ਝਟਕਾ ਐਕਸਟੈਨਸ਼ਨ ਲਈ ਵਰਤੀਆਂ ਜਾਣ ਵਾਲੀਆਂ ਨੁਕਸਦਾਰ ਤਾਰਾਂ, ਵੈਲਡਿੰਗ ਕੇਬਲਾਂ ਜਾਂ ਬਿਜਲੀ ਦੇ ਹੋਰ ਸਾਜ਼-ਸਾਮਾਨ ਤੋਂ ਲੱਗ ਸਕਦਾ ਹੈ। ਲੋਹੇ ਵਾਲੀਆਂ ਵਲਗਣਾਂ ਜਾਂ ਗਿੱਲੀਆਂ ਹਾਲਤਾਂ ਖਾਸ ਤੌਰ 'ਤੇ ਖ਼ਤਰਨਾਕ ਹੋ ਸਕਦੀਆਂ ਹਨ।



ਸਟੌਰਮਵਾਟਰ ਲਈ ਮੋਘਾ

ਜਦੋਂ ਠੋਸ ਸਾਮੱਗਰੀ, ਜਿਵੇਂ ਕਿ ਸੁੱਕਾ ਅਨਾਜ ਜਾਂ ਫੀਡ, ਸੁੱਕੀਆਂ ਹਾਲਤਾਂ ਵਿਚ ਦੀ ਵਗਦੀ ਜਾਂ ਲੰਘਦੀ ਹੈ (ਉਦਾਹਰਣ ਲਈ, ਪਾਈਪਾਂ, ਵਰਮਿਆਂ ਜਾਂ ਹੌਪਰਜ਼ ਵਿਚ ਦੀ) ਤਾਂ ਸੁੱਕੀ ਹਾਲਤ ਇਲੈਕਟਰੋਸਟੈਟਿਕ ਆਰਕਸ (ਬਿਜਲਈ ਡਿਸਚਾਰਜ) ਪੈਦਾ ਕਰ ਸਕਦੀ ਹੈ। ਇਲੈਕਟਰੋਸਟੈਟਿਕ ਆਰਕਸ ਧੂੜ ਦੇ ਬੱਦਲਾਂ ਨੂੰ ਅੱਗ ਲਾ ਸਕਦੇ ਹਨ ਅਤੇ ਧਮਾਕੇ ਦਾ ਕਾਰਨ ਬਣ ਸਕਦੇ ਹਨ।

## ਪਾਈਪਾਂ ਵਿਚ ਦੀ ਜਾ ਰਹੀਆਂ ਚੀਜ਼ਾਂ

ਬੰਦ ਥਾਂਵਾਂ ਨਾਲ ਜੁੜੇ ਜਾਂ ਬੰਦ ਥਾਂਵਾਂ ਵਿਚ ਦਾਖਲ ਹੋ ਰਹੇ ਪਾਈਪਾਂ ਵਿਚ ਤਰਲ, ਗੈਸਾਂ, ਜਾਂ ਹੋਰ ਨੁਕਸਾਨਦੇਹ ਤੱਤ ਹੋ ਸਕਦੇ ਹਨ, ਜਿਨ੍ਹਾਂ ਵਿਚ ਸ਼ਾਮਲ ਹਨ:

- ਜ਼ਹਿਰੀਲੀਆਂ ਗੈਸਾਂ
- ਗਰਮ ਤੱਤ ਜਿਹੜੇ ਲੂਹ ਸਕਦੇ ਹਨ (ਜਿਵੇਂ ਭਾਫ਼)
- ਤਰਲ ਜਿਹੜੇ ਡੁੱਬਣ ਦਾ ਕਾਰਨ ਬਣ ਸਕਦੇ ਹਨ (ਜਿਵੇਂ ਦੁੱਧ ਜਾਂ ਤਰਲ ਗੋਬਰ)
- ਠੋਸ ਚੀਜ਼ਾਂ ਜਿਨ੍ਹਾਂ ਵਿਚ ਫਸ ਹੋ ਸਕਦਾ ਹੈ, ਜਿਹੜੀਆਂ ਕੁਚਲ ਸਕਦੀਆਂ ਹਨ ਜਾਂ ਦਬਾ ਸਕਦੀਆਂ ਹਨ (ਜਿਵੇਂ ਅਨਾਜ ਜਾਂ ਫੀਡ)



ਕਰਾਅਲ ਸਪੇਸਾਂ

## ਤਾਪਮਾਨ ਦੀ ਅੱਤ

ਕਈ ਬੰਦ ਥਾਂਵਾਂ ਵਿਚ ਤਾਪਮਾਨ ਬਹੁਤ ਜ਼ਿਆਦਾ ਹੁੰਦਾ ਹੈ। ਗਰਮੀ ਨਾਲ ਪਸੀਨਾ ਆ ਸਕਦਾ ਹੈ, ਪੱਠੇ ਕਮਜ਼ੋਰ ਹੋ ਸਕਦੇ ਹਨ, ਕੜਵੱਲ ਪੈ ਸਕਦੇ ਹਨ, ਥਕੇਂਵਾਂ ਹੋ ਸਕਦਾ ਹੈ, ਪਿਆਸ ਲੱਗ ਸਕਦੀ ਹੈ ਅਤੇ ਗੰਭੀਰ ਹਾਲਤਾਂ ਵਿਚ, ਹੀਟ ਸਟਰੋਕ ਹੋ ਸਕਦਾ ਹੈ। ਜੇ ਹੀਟ ਸਟਰੋਕ ਦਾ ਇਲਾਜ ਨਾ ਕੀਤਾ ਜਾਵੇ ਤਾਂ ਮੌਤ ਹੋ ਸਕਦੀ ਹੈ।

ਜੇ ਤੁਸੀਂ ਘੱਟ ਤਾਪਮਾਨਾਂ ਦੇ ਸੰਪਰਕ ਵਿਚ ਆਉਂਦੇ ਹੋ ਤਾਂ ਨਤੀਜਾ ਠੰਢ ਦੀ ਲਪੇਟ ਵਿਚ ਆਉਣ ਵਿਚ ਨਿਕਲ ਸਕਦਾ ਹੈ। ਠੰਢ ਦੀ ਲਪੇਟ ਵਿਚ ਆਉਣ ਦੀ ਆਮ ਨਿਸ਼ਾਨੀ ਕਾਂਬਾ ਛਿੜਨਾ ਹੈ। ਬੰਦ ਥਾਂਵਾਂ ਵਿਚ, ਹਵਾਦਾਰੀ ਦੇ ਸਿਸਟਮ ਖ਼ਤਰਨਾਕ ਹੋ ਸਕਦੇ ਹਨ ਕਿਉਂਕਿ ਉਹ ਤੁਹਾਡੇ ਸਰੀਰ ਦੀ ਗਰਮੀ ਤੇਜ਼ੀ ਨਾਲ ਗੁਆ ਸਕਦੇ ਹਨ।

## ਰੌਲਾ

ਬੰਦ ਥਾਂਵਾਂ ਵਿਚਲਾ ਰੌਲਾ ਤੁਹਾਨੂੰ ਨੁਕਸਾਨ ਪਹੁੰਚਾ ਸਕਦਾ ਹੈ ਕਿਉਂਕਿ ਇਹ ਕੰਧਾਂ ਨਾਲ ਲੱਗ ਕੇ ਵਧ ਜਾਂਦਾ ਹੈ। ਜੇ ਰੌਲੇ ਦੇ ਪੱਧਰ ਘਟਾਏ ਨਾ ਜਾ ਸਕਦੇ ਹੋਣ ਤਾਂ ਤੁਹਾਡੇ ਲਈ ਕੰਨਾਂ ਦੀ ਹਿਫਾਜ਼ਤ ਲਈ ਸਾਜ਼-ਸਾਮਾਨ ਪਾਉਣਾ ਜ਼ਰੂਰੀ ਹੈ।



ਉਪਰੋਂ ਖੁਲ੍ਹੇ ਟੈਂਕ

## ਡੁੱਬਣਾ

ਤੁਹਾਡੇ ਜਾਂ ਹੋਰਨਾਂ ਵਲੋਂ ਕਿਸੇ ਬੰਦ ਥਾਂ ਵਿਚ ਕੰਮ ਕਰਨ ਤੋਂ ਪਹਿਲਾਂ, ਡੁੱਬਣ ਤੋਂ ਰੋਕਥਾਮ ਕਰਨ ਲਈ ਉਹ ਥਾਂ ਪੂਰੀ ਤਰ੍ਹਾਂ ਖਾਲੀ ਅਤੇ ਸੁੱਕੀ ਕੀਤੀ ਜਾਣੀ ਚਾਹੀਦੀ ਹੈ। ਵਰਕਰ, ਬੰਦ ਥਾਂਵਾਂ ਵਿਚ ਜ਼ਹਿਰਲੀ ਗੈਸ, ਆਕਸੀਜਨ ਦੀ ਘਾਟ ਜਾਂ ਸਿਰ ਵਿਚ ਲੱਗੀ ਸੱਟ ਕਾਰਨ ਬੇਹੋਸ਼ ਹੋਣ 'ਤੇ ਥੱਲੇ ਡਿਗਣ ਕਰਕੇ ਡੁੱਬੇ ਹਨ।

# ਕਦਮ 3: ਇਹ ਜਾਣੋ ਕਿ ਬੰਦ ਥਾਂਵਾਂ ਬਾਰੇ ਕੀ ਕਰਨਾ ਹੈ



ਬੰਦ ਥਾਂ ਬਾਰੇ ਵਾਰਨਿੰਗ ਦੇਣ ਵਾਲਾ ਸਾਈਨ

## ਪਰ੍ਹਾਂ ਰਹੋ !

ਜੇ ਤੁਸੀਂ ਕੋਈ ਬੰਦ ਥਾਂ ਦੇਖੋ – ਜਾਂ ਕੋਈ ਅਜਿਹੀ ਥਾਂ ਜਿਹੜੀ ਤੁਹਾਡੀ ਸੋਚ ਮੁਤਾਬਕ ਬੰਦ ਹੋ ਸਕਦੀ ਹੈ – ਤਾਂ ਦੂਰ ਰਹੋ। ਵਿਚ ਵੜਨਾ ਤੁਹਾਡੇ ਲਈ ਖ਼ਤਰਨਾਕ ਹੋ ਸਕਦਾ ਹੈ। ਤੁਸੀਂ ਇਹ ਦੱਸਣ ਦੇ ਯੋਗ ਨਹੀਂ ਹੋ ਸਕਦੇ ਹੋ ਕਿ ਕੀ ਅੰਦਰਲੀ ਹਵਾ ਸਾਹ ਲੈਣ ਲਈ ਸੁਰੱਖਿਅਤ ਹੈ ਜਾਂ ਨਹੀਂ।

ਤੁਹਾਨੂੰ ਬੰਦ ਥਾਂਵਾਂ ਦੇ ਦਰਵਾਜ਼ਿਆਂ ਜਾਂ ਝੀਥਾਂ ਤੋਂ ਵੀ ਦੂਰ ਰਹਿਣਾ ਚਾਹੀਦਾ ਹੈ। ਜੇ ਕਿਸੇ ਬੰਦ ਥਾਂ ਵਿਚ ਜ਼ਹਿਰੀਲੀਆਂ ਗੈਸਾਂ ਹੋਣ ਜਾਂ ਕਾਫੀ ਆਕਸੀਜਨ ਨਾ ਹੋਵੇ ਤਾਂ ਉਸ ਥਾਂ ਵਿਚ ਜਾਂ ਦਰਵਾਜ਼ੇ ਦੇ ਨੇੜੇ ਆਪਣਾ ਸਿਰ ਕਰਨਾ ਵੀ ਖ਼ਤਰਨਾਕ ਹੋ ਸਕਦਾ ਹੈ।

## ਵਾਰਨਿੰਗ ਦੇਣ ਵਾਲੇ ਸਾਈਨ ਦੇਖੋ ਅਤੇ ਵਾੜ ਵਾਲੀਆਂ ਥਾਂਵਾਂ ਤੋਂ ਦੂਰ ਰਹੋ

ਤੁਹਾਡੇ ਕੰਮ-ਮਾਲਕ ਨੇ ਫਾਰਮ ਦੁਆਲੇ ਸਾਈਨ ਲਗਾਏ ਹੋਣੇ ਚਾਹੀਦੇ ਹਨ ਜਿਹੜੇ ਸਾਰੀਆਂ ਬੰਦ ਥਾਂਵਾਂ ਬਾਰੇ ਦੱਸਦੇ ਹੋਣ। ਇਹ ਸਾਈਨ ਲੋਕਾਂ ਨੂੰ ਬੰਦ ਥਾਂਵਾਂ ਵਿਚ ਦਾਖਲ ਹੋਣ ਤੋਂ ਰੋਕਣ ਲਈ ਹਨ ਜਿਹੜੀਆਂ ਕਿ ਜ਼ਹਿਰੀਲੀਆਂ ਗੈਸਾਂ ਜਾਂ ਹੋਰ ਖ਼ਤਰਿਆਂ ਕਰਕੇ ਖ਼ਤਰਨਾਕ ਹੋ ਸਕਦੀਆਂ ਹਨ।

ਬਹੁਤੇ ਕੇਸਾਂ ਵਿਚ, ਬੰਦ ਥਾਂਵਾਂ ਨੂੰ ਜਿੰਦਾ ਲਾਇਆ ਗਿਆ ਹੋਵੇਗਾ ਜਾਂ ਉਹਨਾਂ ਦੁਆਲੇ ਕੋਈ ਵਾੜ ਕੀਤੀ ਗਈ ਹੋਵੇਗੀ। ਜੇ ਤੁਸੀਂ ਕੋਈ ਵਾੜ (ਫੈਂਸ), ਰੁਕਾਵਟ ਜਾਂ ਗਾਰਡਰੇਲ ਦੇਖਦੇ ਹੋ ਤਾਂ ਇਹ ਕਿਸੇ ਕਾਰਨ ਕਰਕੇ ਹੀ ਹੈ। ਜੇ ਤੁਸੀਂ ਸੋਚਦੇ ਹੋਵੋ ਕਿ ਤੁਹਾਨੂੰ ਕਿਸੇ ਵਾੜ ਵਾਲੀ ਥਾਂ ਵਿਚ ਦਾਖਲ ਹੋਣ ਦੀ ਲੋੜ ਹੈ ਤਾਂ ਪਹਿਲਾਂ ਆਪਣੇ ਕੰਮ-ਮਾਲਕ ਜਾਂ ਸੁਪਰਵਾਈਜ਼ਰ ਤੋਂ ਪੁੱਛੋ ਕਿ ਕੀ ਇਹ ਸੁਰੱਖਿਅਤ ਹੈ।

## ਬਿਨਾਂ ਸਹੀ ਟਰੇਨਿੰਗ ਅਤੇ ਸਾਜ਼-ਸਾਮਾਨ ਦੇ ਦੂਜਿਆਂ ਦਾ ਬਚਾ ਨਾ ਕਰੋ

ਜੇ ਕੋਈ ਬੰਦ ਥਾਂ ਵਿਚ ਦਾਖਲ ਹੁੰਦਾ ਹੈ ਅਤੇ ਬੇਹੋਸ਼ ਹੋ ਜਾਂਦਾ ਹੈ ਜਾਂ ਹਿਲਜੁਲ ਕਰਨ ਦੇ ਅਯੋਗ ਹੈ ਤਾਂ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕਰਨ ਲਈ ਉਸ ਥਾਂ 'ਤੇ ਜਾਣ ਦੀ ਕਾਹਲ ਨਾ ਕਰੋ। ਬੰਦ ਥਾਂ ਵਿਚ ਜ਼ਹਿਰੀਲੀਆਂ ਗੈਸਾਂ ਹੋ ਸਕਦੀਆਂ ਹਨ ਜਿਹੜੀਆਂ ਤੁਹਾਨੂੰ ਵੀ ਸਕਿੰਟਾਂ ਵਿਚ ਬੇਹੋਸ਼ ਕਰ ਸਕਦੀਆਂ ਹਨ ਜਾਂ ਮਾਰ ਸਕਦੀਆਂ ਹਨ। ਸਾਲ 2000 ਤੋਂ ਲੈ ਕੇ, ਬ੍ਰਿਟਿਸ਼ ਕੋਲੰਬੀਆ ਵਿਚਲੇ ਫਾਰਮਾਂ ਦੀਆਂ ਬੰਦ ਥਾਂਵਾਂ ਵਿਚ 18 ਵਰਕਰਾਂ ਦੀਆਂ ਜਾਨਾਂ ਗਈਆਂ ਹਨ – ਇਨ੍ਹਾਂ ਵਿੱਚੋਂ ਅੱਧੇ ਬਚਾਉਣ ਲਈ ਜਾਣ ਵਾਲੇ ਸਨ।



ਸੈਨੀਟਰੀ ਸੀਵਰ ਦਾ ਮੋਘਾ



ਦਾਖਲਾ ਅਤੇ ਹਵਾਦਾਰੀ ਦੇ ਸਾਜ਼-ਸਾਮਾਨ ਦੀ ਸੈੱਟਅੱਪ



ਮੋਘੇ ਵਿਚ ਦਾਖਲ ਹੋ ਰਿਹਾ ਵਰਕਰ

## ਕਿਸੇ ਬੰਦ ਥਾਂ ਵਿਚ ਦਾਖਲ ਹੋਣਾ ਕਦੋਂ ਸੁਰੱਖਿਅਤ ਹੈ?

ਓਨਾ ਚਿਰ ਕਿਸੇ ਵੀ ਬੰਦ ਥਾਂ ਵਿਚ ਦਾਖਲ ਨਾ ਹੋਵੋ ਜਿੰਨਾ ਚਿਰ ਤੁਸੀਂ ਅੱਗੇ ਲਿਖੀਆਂ ਸਾਰੀਆਂ ਚੀਜ਼ਾਂ ਬਾਰੇ "ਹਾਂ" ਨਾ ਕਹਿ ਸਕਦੇ ਹੋਵੋ:

- ਤੁਹਾਨੂੰ ਬੰਦ ਥਾਂਵਾਂ ਵਿਚ ਦਾਖਲ ਹੋਣ ਅਤੇ ਕੰਮ ਕਰਨ ਲਈ ਟਰੇਂਡ ਕੀਤਾ ਗਿਆ ਹੈ।
- ਤੁਹਾਡੇ ਕੰਮ-ਮਾਲਕ ਕੋਲ ਬੰਦ ਥਾਂਵਾਂ ਲਈ ਪ੍ਰੋਗਰਾਮ ਅਤੇ ਆਪਣੇ ਫਾਰਮ ਮੁਤਾਬਕ ਬਚਾਉ ਕਰਨ ਦੀ ਪਲੈਨ ਹੈ।
- ਥਾਂ ਵਿਚ ਸੁਰੱਖਿਅਤ ਤਰੀਕੇ ਨਾਲ ਦਾਖਲ ਹੋਣ ਅਤੇ ਜ਼ਖਮੀ ਹੋਏ ਵਰਕਰਾਂ ਨੂੰ ਐਮਰਜੰਸੀ ਵਿਚ ਬਚਾਉਣ ਲਈ ਸਾਜ਼-ਸਾਮਾਨ ਉਪਲਬਧ ਹੈ।
- ਜਿੱਥੇ ਵੀ ਲੋੜ ਹੋਵੇ ਮਸ਼ੀਨਰੀ ਨੂੰ ਜਿੰਦਾ ਲੱਗਾ ਹੋਇਆ ਹੈ ਅਤੇ ਪਾਈਪ ਅਲਹਿਦਾ ਕੀਤੇ ਹੋਏ ਹਨ।
- ਇਹ ਪੱਕਾ ਕਰਨ ਲਈ ਬੰਦ ਥਾਂ ਵਿਚਲੇ ਵਾਤਾਵਰਣ ਨੂੰ ਟੈੱਸਟ ਕੀਤਾ ਗਿਆ ਹੈ ਕਿ ਦਾਖਲ ਹੋਣਾ ਸੁਰੱਖਿਅਤ ਹੈ।
- ਥਾਂ ਵਿਚ ਸਹੀ ਤਰ੍ਹਾਂ ਦੀ ਹਵਾਦਾਰੀ ਹੈ।
- ਬੰਦ ਥਾਂ 'ਤੇ ਜਾਂ ਇਸ ਦੇ ਦਾਖਲੇ ਦੇ ਨੇੜੇ ਮਦਦਗਾਰ ਵਿਅਕਤੀ ਲਗਾਇਆ ਗਿਆ ਹੈ।

ਜੇ ਤੁਹਾਨੂੰ ਕੋਈ ਸੰਭਵ ਬੰਦ ਥਾਂ ਦਿਖਾਈ ਦੇਵੇ ਤਾਂ ਸਦਾ ਆਪਣੇ ਕੰਮ-ਮਾਲਕ ਨੂੰ ਦੱਸਣਾ ਯਾਦ ਰੱਖੋ।

ਹੁਣ ਜਦੋਂ ਕਿ ਤੁਸੀਂ ਬੰਦ ਥਾਂਵਾਂ ਬਾਰੇ ਜ਼ਿਆਦਾ ਜਾਣਦੇ ਹੋ, ਫਾਰਮ ਵਿਚ ਆਪਣੇ ਕੰਮ ਵਾਲੀ ਥਾਂ 'ਤੇ ਸੰਭਵ ਬੰਦ ਥਾਂਵਾਂ ਲੱਭੋ। ਅਜਿਹੀਆਂ ਬੰਦ ਥਾਂਵਾਂ ਹੋ ਸਕਦੀਆਂ ਹਨ ਜਿਨ੍ਹਾਂ ਬਾਰੇ ਤੁਹਾਡੇ ਕੰਮ-ਮਾਲਕ ਜਾਂ ਸੁਪਰਵਾਈਜ਼ਰ ਨੂੰ ਪਤਾ ਨਾ ਹੋਵੇ।

ਕਿਸੇ ਵੀ ਸੰਭਵ ਬੰਦ ਥਾਂ ਨੂੰ ਅਣਡਿੱਠ ਨਾ ਕਰੋ। ਇਸ ਬਾਰੇ ਪੁੱਛਣਾ ਕੋਈ ਨੁਕਸਾਨ ਨਹੀਂ ਕਰਦਾ। ਆਪਣੇ ਕੰਮ-ਮਾਲਕ ਜਾਂ ਸੁਪਰਵਾਈਜ਼ਰ ਨੂੰ ਉਨ੍ਹਾਂ ਥਾਂਵਾਂ ਬਾਰੇ ਚੁਕੰਨੇ ਕਰਨਾ ਜਿਨ੍ਹਾਂ ਬਾਰੇ ਸ਼ਾਇਦ ਉਹ ਪਹਿਲਾਂ ਨਾ ਜਾਣਦੇ ਹੋਣ, ਕਿਸੇ ਦੀ ਜ਼ਿੰਦਗੀ ਬਚਾ ਸਕਦਾ ਹੈ।

ਨੋਟ

## ਵਰਕਸੇਫ ਬੀ ਸੀ ਦੇ ਦਫਤਰ

worksafebc.com ’ਤੇ ਸਾਡੇ ਵੈੱਬਸਾਈਟ ’ਤੇ ਜਾਉ।

**ਐਬਟਸਫੋਰਡ**
2774 Trethewey Street V2T 3R1
ਫੋਨ 604.276.3100
1.800.292.2219
ਫੈਕਸ 604.556.2077

**ਬਰਨਬੀ**
450 – 6450 Roberts Street V5G 4E1
ਫੋਨ 604.276.3100
1.888.621.7233
ਫੈਕਸ 604.232.5950

**ਕੋਕਿਟਲਮ**
104 – 3020 Lincoln Avenue V3B 6B4
ਫੋਨ 604.276.3100
1.888.967.5377
ਫੈਕਸ 604.232.1946

**ਕੋਰਟਨੀ**
801 30th Street V9N 8G6
ਫੋਨ 250.334.8765
1.800.663.7921
ਫੈਕਸ 250.334.8757

**ਕੈਮਲੂਪਸ**
321 Battle Street V2C 6P1
ਫੋਨ 250.371.6003
1.800.663.3935
ਫੈਕਸ 250.371.6031

**ਕਲੋਨਾ**
110 – 2045 Enterprise Way V1Y 9T5
ਫੋਨ 250.717.4313
1.888.922.4466
ਫੈਕਸ 250.717.4380

**ਨਨਾਇਮੋ**
4980 Wills Road V9T 6C6
ਫੋਨ 250.751.8040
1.800.663.7382
ਫੈਕਸ 250.751.8046

**ਨੈਲਸਨ**
524 Kootenay Street V1L 6B4
ਫੋਨ 250.352.2824
1.800.663.4962
ਫੈਕਸ 250.352.1816

**ਨੌਰਥ ਵੈਨਕੂਵਰ**
400 – 224 Esplanade Ave. W. V7M 1A4
ਫੋਨ 604.276.3100
1.888.875.6999
ਫੈਕਸ 604.232.1558

**ਪ੍ਰਿੰਸ ਜੌਰਜ**
1066 Vancouver Street V2L 5M4
ਫੋਨ 250.561.3700
1.800.663.6623
ਫੈਕਸ 250.561.3710

**ਸਰੀ**
100 – 5500 152 Street V3S 5J9
ਫੋਨ 604.276.3100
1.888.621.7233
ਫੈਕਸ 604.232.7077

**ਟੈਰਸ**
4450 Lakelse Avenue V8G 1P2
ਫੋਨ 250.615.6605
1.800.663.3871
ਫੈਕਸ 250.615.6633

**ਵਿਕਟੋਰੀਆ**
4514 Chatterton Way V8X 5H2
ਫੋਨ 250.881.3418
1.800.663.7593
ਫੈਕਸ 250.881.3482

**ਮੁੱਖ ਦਫਤਰ / ਰਿਚਮੰਡ**
ਪ੍ਰੀਵੈਨਸ਼ਨ ਇਨਫਰਮੇਸ਼ਨ (ਰੋਕਥਾਮ ਬਾਰੇ ਜਾਣਕਾਰੀ) ਲਾਈਨ:
Phone 604.276.3100
1.888.621.7233 (621.SAFE)

ਪ੍ਰਬੰਧਕੀ:
6951 Westminster Highway
ਫੋਨ 604.273.2266

ਚਿੱਠੀ-ਪੱਤਰ ਲਈ ਐਡਰੈਸ:
PO Box 5350 Stn Terminal
Vancouver BC V6B 5L5

**ਦਫਤਰ ਬੰਦ ਹੋਣ ਤੋਂ ਬਾਅਦ ਸਿਹਤ ਅਤੇ ਸੇਫਟੀ ਦੀ ਐਮਰਜੰਸੀ**
604.273.7711
1.866.922.4357 (WCB.HELP)

R13/09

BK138

MIX
Paper from responsible sources
FSC® C014956
www.fsc.org

Printed in Canada

zero 100% carbon neutral by Hemlock Printers www.hemlock.com/zero

04/14

Management of confined spaces in agriculture - A handbook for workers [Punjabi]